
Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parameters of UGC by IJMER)
Volume:14, Issue:10(5), October, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਆਦਰਸ਼ਕ ਰਾਜ ਅਤੇ ਰਾਜੇ ਦਾ ਸੰਕਲਪ

**ਹਰਪ੍ਰੀਤ ਸਿੰਘ ਦੂਆ (ਡਾ.)**
**ਐਸੋਸੀਏਟ ਪ੍ਰੋਫੈਸਰ**
**ਪੰਜਾਬੀ ਵਿਭਾਗ**
**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

**Abstract**

ਗੁਰਬਾਣੀ ਅਨੁਸਾਰ ਰਾਜਾ ਜਾਂ ਮੁਖੀ ਇਹੋ ਜਿਹਾ ਆਦਰਸ਼ਕ ਇਨਸਾਨ ਹੋਣਾ ਚਾਹੀਦਾ ਹੈ, ਜਿਸ ਉੱਪਰ ਸਮੁੱਚੀ ਪਰਜਾ ਨੂੰ ਵਿਸ਼ਵਾਸ ਹੋਵੇ ਕਿ ਉਹ ਗਰੀਬਾਂ ਦਾ ਸੇਵਕ ਹੈ। ਇਸ ਲਈ ਰਾਜੇ ਨੂੰ ਲੋਕ ਰਾਜ ਦੇ ਅਸੂਲਾਂ ਦਾ ਪਾਬੰਦ ਹੋਣਾ ਅਤਿਅੰਤ ਜਰੂਰੀ ਹੈ। ਉਹ ਚੰਗੇ ਗੁਣਾਂ ਦਾ ਮਾਲਕ ਹੋਵੇ। ਰਾਜ ਕਰਨ ਦੇ ਯੋਗ ਹੋਵੇ, ਬੁੱਧੀਮਾਨ ਅਤੇ ਪਰਉਪਕਾਰੀ ਹੋਵੇ। ਰਾਜ/ਸਰਕਾਰ ਦਾ ਕੰਮ ਹੁੰਦਾ ਹੈ ਕਿ ਉਹ ਸਮਾਜ ਵਿਚ ਗਰੀਬ ਤੇ ਨਿਮਾਣੀ ਜਨਤਾ ਹੀ ਹਾਲਤ ਨੂੰ ਸੁਧਾਰਨ ਵਲ ਉਚੇਚਾ ਧਿਆਨ ਦੇਵੇ। ਜੋ ਰਾਜ/ਸਰਕਾਰ ਗਰੀਬਾਂ ਨਾਲ ਸਖ਼ਤੀ ਤੇ ਜ਼ੁਲਮ ਦਾ ਵਤੀਰਾ ਧਾਰਨ ਕਰਦੀ ਹੈ ਤਾਂ ਉਸਨੂੰ ਰਾਜ ਕਰਨ ਦਾ ਕੋਈ ਹੱਕ ਨਹੀਂ ਹੈ। ਗੁਰਬਾਣੀ ਵਿਚ ਇਹੋ ਜਿਹੇ ਜ਼ਾਲਮਾਂ ਨੂੰ ਪਰਮਾਤਮਾ ਦੀ ਦਰਗਾਹ ਵਿਚ ਕੜੀ ਤੋਂ ਕੜੀ ਸਜ਼ਾ ਦਿਤੀ ਜਾਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਜਾ ਅਤੇ ਪਰਜਾ ਦੇ ਸੰਬੰਧਾਂ ਤੋਂ ਜੋ ਮਾਡਲ ਪ੍ਰਸਤੁਤ ਹੁੰਦਾ ਹੈ, ਉਹ ਅਜਿਹੇ ਸੰਬੰਧਾਂ ਨੂੰ ਮੂਰਤੀਮਾਨ ਕਰਦਾ ਹੈ, ਜੋ ਪਰਮਾਤਮਾ ਅਤੇ ਉਸ ਦੇ ਪੈਦਾ ਕੀਤੇ ਜੀਵਾਂ ਵਿਚ ਹੁੰਦੇ ਹਨ। ਜੇ ਰਾਜਾ ਅਕਾਲ ਪੁਰਖ ਦੇ ਸੰਭਾਵੀ ਗੁਣਾਂ ਦਾ ਧਾਰਨੀ ਨਹੀਂ ਹੈ ਤਾਂ ਉਸਦੀ ਪਰਜਾ ਕਦੇ ਸੁਖੀ ਨਹੀਂ ਰਹਿ ਸਕਦੀ। ਅਸਲ ਵਿਚ ਰਾਜ ਤਖਤ ਦਾ ਅਧਿਕਾਰੀ ਉਹ ਹੀ ਹੋ ਸਕਦਾ ਹੈ ਜੋ ਪਰਜਾ ਪ੍ਰਤੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੇ ਸਮਰੱਥ ਹੋਵੇ ਨਾਲ ਹੀ ਉਹ ਰਾਜ ਨੂੰ ਪ੍ਰਭੂ ਦੁਆਰਾ ਦਿੱਤੀ ਗਈ ਦਾਤ ਸਮਝ ਕੇ ਸੇਵਾ ਭਾਵਨਾ ਨਾਲ ਸੁਹਿਰਦਤਾ ਸਹਿਤ ਰਾਜ ਸ਼ਕਤੀ ਦੀ ਵਰਤੋਂ ਕਰਨ ਦੇ ਗੁਣ ਰੱਖਦਾ ਹੋਵੇ। ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਾਜ ਦਾ ਸੰਕਲਪ ਲੋਕਤੰਤਰ ਦੀ ਹੋਂਦ ਬਰਕਰਾਰ ਰੱਖਣ ਲਈ ਸਤਿ ਵਿਵਹਾਰ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਰਾਜੇ ਦਾ ਤਖਤ ਦੇ ਲਾਇਕ ਹੋਣਾ ਜ਼ਰੂਰੀ ਹੈ ਅਤੇ ਅਜਿਹੀ ਯੋਗਤਾ ਦੀ ਬੁਨਿਆਦੀ ਸ਼ਰਤ ਨਿਆਂਸ਼ੀਲਤਾ ਹੈ। ਰਾਜਾ ਤਾਂ ਨਿਆਂਧੀਸ਼ ਹੁੰਦਾ ਹੈ ਉਸਦੇ ਫੈਸਲੇ ਪੱਖਪਾਤ ਤੋਂ ਉੱਚੇ ਹੁੰਦੇ ਹਨ ਫਿਰ ਰਾਜੇ ਵੱਲੋਂ ਲਏ ਫ਼ੈਸਲੇ ਲੋਕ ਹਿਤੈਸ਼ੀ ਹੋਣ ਦੇ ਨਾਲ ਨਾਲ ਰਾਜੇ ਦੀਆਂ ਜ਼ਿੰਮੇਵਾਰੀਆਂ ਨਾਲ ਜੁੜੇ ਹੁੰਦੇ ਹਨ ਜਿਸ ਵਿਚ ਲੋਕਤੰਤਰ ਦੀਆਂ ਲੋੜਾਂ ਥੋੜਾਂ ਦੀ ਪੂਰਤੀ ਲਈ ਨਵੀਆਂ-ਨਵੀਆਂ ਯੋਜਨਾਵਾਂ ਘੜ ਕੇ ਜਨ ਸਧਾਰਨ ਲਈ ਸੁਖਾਵੇਂ, ਸੁਧਰੇ ਤੇ ਸੰਵਰੇ ਹਾਲਾਤ ਸਿਰਜੇ ਜਾ ਸਕਦੇ ਹਨ ।

**Key Words:** ਸ੍ਰੀ ਗੁਰੂ ਗ੍ਰੰਥ ਸਾਹਿਬ, ਆਦਰਸ਼ਕ ਰਾਜ, ਗੁਰਬਾਣੀ, ਪਰਜਾ

ਗੁਰੂ ਗ੍ਰੰਥ ਸਾਹਿਬ ਵਿਚ ਬਾਣੀਕਾਰਾਂ ਨੇ ਮੱਧਕਾਲੀਨ ਸਮੇਂ ਦੀ ਸਮੁੱਚੀ ਆਤਮਾ ਨੂੰ ਇਸ ਗ੍ਰੰਥ ਵਿਚ ਸੰਕਲਿਤ ਕੀਤਾ ਹੈ। ਇਸ ਸਮੇਂ ਸਮੁੱਚਾ ਸਮਾਜਿਕ ਜੀਵਨ ਤ੍ਰਾਸਦਿਕ ਅਵਸਥਾ ਵਿੱਚੋਂ ਗੁਜ਼ਰ ਰਿਹਾ ਸੀ। ਸ਼ਾਸਿਤ/ਰਾਜਨੀਤਿਕ ਵਰਗ ਆਪਣੇ ਫਰਜ਼ਾਂ ਦੀ ਪਹਿਚਾਣ ਤੋਂ ਮੁਕਤ ਹੋ ਆਪਣੇ ਹੱਕਾਂ ਅਧਿਕਾਰਾਂ ਦੀਆਂ ਸੀਮਾਵਾਂ ਨੂੰ ਤੋੜਦੇ ਹੋਏ ਜਿੱਥੇ ਇੱਕ ਪਾਸੇ ਦੌਲਤਾਂ ਦੇ ਅੰਬਾਰ ਇਕੱਠੇ ਕਰ ਰਹੇ ਸਨ, ਉਥੇ ਅਜਿਹੇ ਮੰਤਵ ਲਈ ਗਰੀਬ ਮਜ਼ਲੂਮਾਂ ਨੂੰ ਕੁਚਲਣ ਅਤੇ ਉਹਨਾਂ ਦੇ ਹੱਕ ਮਾਰਨ ਨੂੰ ਆਪਣਾ ਅਧਿਕਾਰ ਸਮਝ ਰਹੇ ਸਨ। ਆਪਣੇ ਆਪ ਨੂੰ ਪਰਮਾਤਮਾ ਵੱਲੋਂ ਜਨਤਾ ਉਤੇ ਮਨਮਰਜ਼ੀ ਦਾ ਰਾਜ ਮੜ੍ਹਨ ਲਈ ਹਰ ਨਾਜਾਇਜ਼ ਹੱਥ-ਕੰਡਾ ਅਪਣਾ ਰਹੇ ਸਨ। ਰਾਜੇ ਪਰਜਾ ਦੇ ਮਾਈ ਬਾਪ ਬਣਨ ਦੀ ਥਾਂ ਕਸਾਈ ਬਣ ਪਰਜਾ ਨੂੰ ਖਤਮ ਕਰੀ ਜਾਂਦੇ ਸਨ ਤੇ ਉਹਨਾਂ ਦੇ ਅਹਿਲਕਾਰ ਉਹਨਾਂ ਵਾਂਗੂੰ ਹੀ ਕੁੱਤਿਆਂ ਵਾਂਗ ਜਨਤਾ ਨੂੰ ਨੋਚ-ਨੋਚ ਕੇ ਖਾ ਰਹੇ ਸਨ। ਸਮੁੱਚੇ ਭਾਰਤ ਵਿਚ ਜ਼ਬਰ ਜ਼ੁਲਮ ਦਾ ਅਜਿਹਾ ਕਾਲਾ ਹਨੇਰਾ ਛਾਇਆ ਹੋਇਆ ਸੀ ਕਿ ਇਨਸਾਫ, ਸੱਚ, ਪਿਆਰ, ਭਾਵਨਾ ਅਤੇ ਚੰਗੀ ਸਾਕਾਰਾਤਮਕ ਸੋਚ ਦੀ ਕਿਰਨ ਕਿਤੇ ਵੀ ਨਜ਼ਰ ਨਹੀਂ ਸੀ ਆਉਂਦੀ। ਮਜ਼ਲੂਮ ਸ਼੍ਰੇਣੀ ਸਾਰੀ ਹੀ ਦੁੱਖੀ ਸੀ। ਸਮੁੱਚੀ ਅਵਸਥਾ 'ਕਿਸ ਪਹਿ ਖੋਲਉ ਗੰਠੜੀ' ਦੀ ਬਣੀ ਹੋਈ ਸੀ।

ਰਾਜੇ ਗਰੀਬ ਮਜ਼ਲੂਮਾਂ ਦੀ ਹੱਕ ਹਲਾਲ ਦੀ ਕਮਾਈ ਲੁੱਟ ਕੇ ਆਪਣੇ ਨਿਜੀ ਸੁਆਰਥਾਂ ਦੀ ਪੂਰਤੀ ਲਈ ਅਤੇ ਆਪਣੀ ਧਾਰਮਿਕਤਾ ਦਾ ਪ੍ਰਭਾਵ ਪਾਉਣ ਲਈ ਦਾਨ ਪੁੰਨ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਬੇਈਮਾਨੀ ਦੀ ਕਮਾਈ ਵਿਚੋਂ ਦਿੱਤਾ ਦਾਨ ਪਰਮਾਤਮਈ ਦਰਗਾਹ ਵਿਚ ਨਾ ਸਵੀਕਾਰ ਹੋਣ ਦਾ ਸੰਕਲਪ ਪੇਸ਼ ਕਰਦਾ ਹੈ। ਦੌਲਤਾਂ ਦੇ ਅੰਬਾਰ ਲਾ ਕੇ ਆਪਣੇ ਖਜ਼ਾਨੇ ਭਰੀ ਜਾਂਦੇ ਸਨ। ਜਨਤਾ ਦੇ ਲੁੱਟੇ ਪੈਸੇ ਨੂੰ ਜਨਤਾ ਲਈ ਵਰਤਣਾ ਕਦੇ ਸੁਪਨੇ ਵਿੱਚ ਵੀ ਨਹੀਂ ਸਨ ਸੋਚਦੇ। ਜਨਤਾ ਪਿਸ-ਪਿਸ ਕੇ ਮਰ ਰਹੀ ਸੀ। ਬਾਣੀਕਾਰ ਅਜਿਹੇ ਜ਼ਾਲਮ ਸ਼ਾਸ਼ਕਾਂ ਨੂੰ "ਨਾਂਗੇ ਆਵਨੁ ਨਾਂਗੇ ਜਾਨਾ॥ ਕੋਇ ਨ ਰਹਿਹੈ ਰਾਜਾ ਰਾਨਾ॥ " ਦਾ ਵਿਚਾਰ ਪ੍ਰਗਟਾਉਂਦੇ ਰਾਜ ਦੇ ਅਸਥਿਰ ਹੋਣ ਅਤੇ ਮਰਨ ਉਪਰੰਤ ਦੌਲਤ ਦੇ ਇਥੇ ਹੀ ਰਹਿ ਜਾਣ ਦੀ ਗੱਲ ਦ੍ਰਿੜ ਕਰਵਾ ਕੇ ਅਸਲ ਵਿਚ ਇਕ ਅਜਿਹਾ ਰਾਜ ਮਾਡਲ ਸਥਾਪਤ ਕਰਨ ਚਾਹੁੰਦੇ ਹਨ ਜਿੱਥੇ ਕਿ ਰਾਜਾ ਜਾਇਜ਼ ਢੰਗਾਂ ਨਾਲ ਰਾਜ ਵਿਚ ਕੀਤੀ ਕਮਾਈ ਪਰਜਾ ਦੀਆਂ ਲੋੜਾਂ ਥੋੜਾਂ ਦੀ ਪੂਰਤੀ ਅਤੇ ਉਹਨਾਂ ਲਈ ਲੋੜੀਂਦੀਆਂ ਸਹੂਲਤਾਂ ਨੂੰ ਦੇ ਕੇ ਆਪਣੇ ਰਾਜ ਦੀਆਂ ਨੀਹਾਂ ਵੀ ਮਜ਼ਬੂਤ ਕਰ ਸਕਦਾ ਹੈ ਅਤੇ ਮਰਨ ਸਮੇਂ ਕੀਤੀ ਕਮਾਈ ਦੇ ਏਥੇ ਰਹਿਣ ਦੇ ਸੰਤਾਪ ਤੋਂ ਵੀ ਬਚ ਸਕਦਾ ਹੈ:

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parameters of UGC by IJMER)
Volume:14, Issue:10(5), October, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

- ਰਾਜੇ ਧਰਮ ਕਰਹਿ ਪਰਥਾਏ॥ ਆਸਾ ਬੰਧੇ ਦਾਨੁ ਕਰਾਏ॥
  ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਰਾਈ ਹੇ॥[1]

ਗੁਰਬਾਣੀ ਅਨੁਸਾਰ ਰਾਜਾ ਜਾਂ ਮੁਖੀ ਇਹੋ ਜਿਹਾ ਆਦਰਸ਼ਕ ਇਨਸਾਨ ਹੋਣਾ ਚਾਹੀਦਾ ਹੈ, ਜਿਸ ਉੱਪਰ ਸਮੁੱਚੀ ਪਰਜਾ ਨੂੰ ਵਿਸ਼ਵਾਸ ਹੋਵੇ ਕਿ ਉਹ ਗਰੀਬਾਂ ਦਾ ਸੇਵਕ ਹੈ। ਇਸ ਲਈ ਰਾਜੇ ਨੂੰ ਲੋਕ ਰਾਜ ਦੇ ਅਸੂਲਾਂ ਦਾ ਪਾਬੰਦ ਹੋਣਾ ਅਤਿਅੰਤ ਜਰੂਰੀ ਹੈ। ਉਹ ਚੰਗੇ ਗੁਣਾਂ ਦਾ ਮਾਲਕ ਹੋਵੇ। ਰਾਜ ਕਰਨ ਦੇ ਯੋਗ ਹੋਵੇ, ਬੁੱਧੀਮਾਨ ਅਤੇ ਪਰਉਪਕਾਰੀ ਹੋਵੇ। ਉਹ ਆਪਣੇ ਤੌਰ ਤੇ ਅਜਿਹੇ ਗੁਣਾਂ ਦਾ ਧਾਰਨੀ ਹੋਵੇ ਪਰ ਨਾਲ ਹੀ ਉਸਦੇ ਅਹਿਲਕਾਰ ਵੀ ਪ੍ਰਭੂ ਦੇ ਡਰ ਵਿਚ ਵਿਚਰਨ ਵਾਲੇ ਅਤੇ ਰਾਜ ਪ੍ਰਬੰਧ ਦੇ ਨਿਯਮਾਂ ਦੇ ਪੂਰੀ ਤਰ੍ਹਾਂ ਪਾਬੰਦ ਹੋਣੇ ਚਾਹੀਦੇ ਹਨ:

ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ॥

ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ॥

ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ॥

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥

ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥

ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥1 ॥ ਰਹਾਉ॥[2]

ਅਸਲ ਵਿਚ ਰਾਜ ਤਖਤ ਦਾ ਅਧਿਕਾਰੀ ਉਹ ਹੀ ਹੋ ਸਕਦਾ ਹੈ ਜੋ ਪਰਜਾ ਪ੍ਰਤੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੇ ਸਮਰੱਥ ਹੋਵੇ ਨਾਲ ਹੀ ਉਹ ਰਾਜ ਨੂੰ ਪ੍ਰਭੂ ਦੁਆਰਾ ਦਿੱਤੀ ਗਈ ਦਾਤ ਸਮਝ ਕੇ ਸੇਵਾ ਭਾਵਨਾ ਨਾਲ ਸੁਹਿਰਦਤਾ ਸਹਿਤ ਰਾਜ ਸ਼ਕਤੀ ਦੀ ਵਰਤੋਂ ਕਰਨ ਦੇ ਗੁਣ ਰੱਖਦਾ ਹੋਵੇ। ਇਸ ਸੰਬੰਧ ਵਿਚ ਗੁਰੂ ਅਮਰਦਾਸ ਜੀ ਦਾ ਵਿਚਾਰ ਹੈ:

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥

ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥

ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ॥[3]

ਇਹ ਝੂਠੇ ਅਤੇ ਸੁਆਰਥੀ ਰਾਜੇ ਰਾਜ ਕਰਨ ਦੇ ਯੋਗ ਹੀ ਨਹੀਂ ਹਨ। ਰਾਜ ਕਰਣ ਦੇ ਯੋਗ ਉਹੀ ਵਿਅਕਤੀ ਹੁੰਦਾ ਹੈ ਜੋ ਪ੍ਰਭੂ ਦਾ ਨਿਰਮਾਣ ਸੇਵਕ ਹੋਏ ਅਤੇ ਪਰਜਾ ਪਾਲਕ ਹੋਣ ਤੇ ਗੁਣਾਂ ਦਾ ਧਾਰਣੀ ਹੋਵੇ। ਸਭ ਰਾਜਿਆਂ ਦਾ ਰਾਜਾ ਤਾਂ ਉਹ ਪਰਮਾਤਮਾ ਹੈ, ਜਿਸ ਵਰਗਾ ਹੋਰ ਕੋਈ ਰਾਜਾ ਨਹੀਂ ਹੈ:

ਕੋਊ ਹਰਿ ਸਮਾਨਿ ਨਹੀ ਰਾਜਾ॥

ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥ ਰਹਾਉ॥

ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ॥॥[4]

ਦੁਨਿਆਵੀ ਰਾਜੇ ਝੂਠੇ ਰਾਜੇ ਹਨ, ਜਿਨ੍ਹਾਂ ਦਾ ਦਿਖਾਵਾ ਅਤੇ ਕਾਰ ਵਿਹਾਰ ਸਭ ਝੂਠਾ ਹੈ। ਇਹੋ ਜਿਹੇ ਰਾਜੇ ਸਾਰੀ ਉਮਰ ਧਨ ਦੌਲਤ ਤੇ ਸੋਨਾ ਚਾਂਦੀ ਇਕੱਠੇ ਕਰਦੇ ਕਰਦੇ ਮਰ ਜਾਂਦੇ ਹਨ। ਇਹੋ ਜਿਹੇ ਸੁਆਰਥੀ ਰਾਜਿਆਂ ਕੋਲੋਂ ਕੇਵਲ ਸੁਆਰਥੀ ਲੋਕ ਹੀ ਡਰਦੇ ਹਨ। ਜੋ ਵਿਅਕਤੀ ਪ੍ਰਭੂ ਦੇ ਰੰਗ ਵਿਚ ਰੱਤੇ ਹੋਏ ਹਨ, ਉਹਨਾਂ ਨੂੰ ਦੁਨਿਆਵੀ ਰਾਜਿਆਂ ਤੋਂ ਡਰਨ ਦੀ ਕੋਈ ਲੋੜ ਨਹੀਂ।

ਰਾਜ/ਸਰਕਾਰ ਦਾ ਕੰਮ ਹੁੰਦਾ ਹੈ ਕਿ ਉਹ ਸਮਾਜ ਵਿਚ ਗਰੀਬ ਤੇ ਨਿਮਾਣੀ ਜਨਤਾ ਹੀ ਹਾਲਤ ਨੂੰ ਸੁਧਾਰਨ ਵਲ ਉਚੇਚਾ ਧਿਆਨ ਦੇਵੇ। ਜੋ ਰਾਜ/ਸਰਕਾਰ ਗਰੀਬਾਂ ਨਾਲ ਸਖ਼ਤੀ ਤੇ ਜ਼ੁਲਮ ਦਾ ਵਤੀਰਾ ਧਾਰਨ ਕਰਦੀ ਹੈ ਤਾਂ ਉਸਨੂੰ ਰਾਜ ਕਰਨ ਦਾ ਕੋਈ ਹੱਕ ਨਹੀਂ ਹੈ। ਗੁਰਬਾਣੀ ਵਿਚ ਇਹੋ ਜਿਹੇ ਜ਼ਾਲਮਾਂ ਨੂੰ ਪਰਮਾਤਮਾ ਦੀ ਦਰਗਾਹ ਵਿਚ ਕੜੀ ਤੋਂ ਕੜੀ ਸਜ਼ਾ ਦਿਤੀ ਜਾਵੇਗੀ:


Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parameters of UGC by IJMER)
Volume:14, Issue:10(5), October, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

ਗਰੀਬਾ ਉਪਰਿ ਜਿ ਖਿੰਜੈ ਦਾੜੀ॥

ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥[5]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਜਾ ਅਤੇ ਪਰਜਾ ਦੇ ਸੰਬੰਧਾਂ ਤੋਂ ਜੋ ਮਾਡਲ ਪ੍ਰਸਤੁਤ ਹੁੰਦਾ ਹੈ, ਉਹ ਅਜਿਹੇ ਸੰਬੰਧਾਂ ਨੂੰ ਮੂਰਤੀਮਾਨ ਕਰਦਾ ਹੈ, ਜੋ ਪਰਮਾਤਮਾ ਅਤੇ ਉਸ ਦੇ ਪੈਦਾ ਕੀਤੇ ਜੀਵਾਂ ਵਿਚ ਹੁੰਦੇ ਹਨ। ਜੇ ਰਾਜਾ ਅਕਾਲ ਪੁਰਖ ਦੇ ਸੰਭਾਵੀ ਗੁਣਾਂ ਦਾ ਧਾਰਨੀ ਨਹੀਂ ਹੈ ਤਾਂ ਉਸਦੀ ਪਰਜਾ ਕਦੇ ਸੁਖੀ ਨਹੀਂ ਰਹਿ ਸਕਦੀ। ਗੁਰਬਾਣੀ ਦੇ ਉਦੈ ਸਮੇਂ ਇਹ ਰਾਜੇ ਕਸਾਈ ਬਣ ਚੁਕੇ ਸਨ:

ਰਾਜੇ ਸੀਹ ਮੁਕਦਮ ਕੁਤੇ॥

ਜਾਇ ਜਗਾਇਨਿ ਬੈਠੇ ਸੁਤੇ॥

ਚਾਕਰ ਨਹਦਾ ਪਾਇਨਿ ਘਾਉ॥

ਰਤੁ ਪਿਤੁ ਕੁਤਿਹੋ ਚਟਿ ਜਾਹੁ ॥

ਜਿਥੈ ਜੀਆਂ ਹੋਸੀ ਸਾਰ॥

ਨਕੀ ਵਢੀ ਲਾਇਤਬਾਰ ॥[6]

ਗੁਰੂ ਨਾਨਕ ਸਾਹਿਬ ਦੇ ਸਮਕਾਲੀ ਸਮਾਜ ਵਿਚ ਰਾਜੇ ਬਘਿਆੜਾਂ ਦਾ ਰੂਪ ਧਾਰਨ ਕਰ ਗਏ ਸਨ ਅਤੇ ਉਹਨਾਂ ਦੇ ਅਹਿਲਕਾਰ ਗਰੀਬ ਜਨਤਾ ਨੂੰ ਕੁੱਤਿਆਂ ਵਾਂਗ ਨੋਚ ਨੋਚ ਕੇ ਖਾ ਰਹੇ ਸਨ। ਆਮ ਆਦਮੀਆਂ ਨੂੰ ਉਠਾ ਕੇ ਘਰਾਂ ਵਿਚ ਜਾ ਕੇ ਤੰਗ ਕੀਤਾ ਜਾਂਦਾ। ਉਹਨਾਂ ਨੂੰ ਮਾਰਿਆ ਕੁੱਟਿਆ ਜਾਂਦਾ, ਉਹਨਾਂ ਦੀ ਬੇਇਜ਼ਤੀ ਕੀਤੀ ਜਾਂਦੀ ਤੇ ਜਾਂਦੇ ਹੋਏ ਉਹਨਾਂ ਦੀ ਦੌਲਤ ਵੀ ਲੁੱਟ ਕੇ ਲੈ ਜਾਂਦੇ ਰਹੇ ਹਨ। ਇਸ ਸਮੇਂ ਸ਼ਾਸਕ ਰਾਜੇ ਤਾਂ ਕਸਾਈਆਂ ਦਾ ਰੂਪ ਧਾਰਨ ਕਰ ਚੁਕੇ ਸਨ:-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥[7]

ਕਲਯੁੱਗ ਵਿਚ ਰਾਜਿਆਂ ਦਾ ਕਸਾਈਆਂ ਵਾਲਾ ਰੂਪ ਸਾਹਮਣੇ ਆ ਰਿਹਾ ਸੀ ਪ੍ਰੰਤੂ ਗੁਰੂ ਸਾਹਿਬ ਨੇ ਰਾਜਿਆਂ ਨੂੰ ਇਨਸਾਫ਼ ਧਾਰਨ ਕਰਨ, ਦੇ ਗੁਣਾਂ ਦਾ ਧਾਰਨੀ ਬਣਨ ਲਈ ਪ੍ਰੇਰਿਆ:

ਨਾਨਕੁ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ॥

ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ॥

ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ ॥

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥[8]

ਜਿਸ ਤਰ੍ਹਾਂ ਸੁਰਤ ਵਾਲੇ ਨੂੰ ਗਿਆਨ, ਜੋਗੀ ਨੂੰ ਸੱਤ, ਬ੍ਰਾਹਮਣ ਨੂੰ ਸੰਤੋਖ, ਗ੍ਰਹਿਸਥੀ ਨੂੰ ਦਾਨ ਦੀ ਲੋੜ ਹੈ, ਇਸੇ ਤਰ੍ਹਾਂ ਰਾਜੇ ਦੇ ਮਨ ਅੰਦਰ ਨਿਆਂ ਕਰਨ ਦਾ ਗੁਣ ਹੋਣਾ ਅਤਿਅੰਤ ਜਰੂਰੀ ਹੈ। ਸਮਾਜਿਕ ਜੀਵਨ ਵਿਚ ਆਦਾਨ ਪ੍ਰਦਾਨ ਹੁੰਦਾ ਰਹਿੰਦਾ ਹੈ ਕਿਉਂਕਿ ਇਸ ਤੋਂ ਬਿਨਾਂ ਜੀਵਨ ਚਲ ਹੀ ਨਹੀਂ ਸਕਦਾ। ਇਸੇ ਪ੍ਰਕਾਰ ਜੇ ਰਾਜਾ ਰਾਜ ਕਰਨ ਦਾ ਅਧਿਕਾਰੀ ਹੈ ਤਾਂ ਉਸਦਾ ਫ਼ਰਜ਼ ਹੈ ਕਿ ਉਹ ਇਨਸਾਫ਼ ਵੀ ਕਰੇ, ਰਾਜੇ ਨੂੰ ਸਿਰਫ ਨਾਮ ਦਾ ਰਾਜਾ ਹੀ ਨਹੀਂ ਹੋਣਾ ਚਾਹੀਦਾ:

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parameters of UGC by IJMER)
Volume:14, Issue:10(5), October, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

ਦਰਸਨਿ ਦੇਖਿਐ ਦਇਆ ਨ ਹੋਇ॥

ਲਏ ਦਿਤੇ ਵਿਣੁ ਰਹੈ ਨ ਕੋਇ॥

ਰਾਜਾ ਨਿਆਉ ਕਰੇ ਹਥਿ ਹੋਇ॥

ਕਹੈ ਖੁਦਾਇ ਨ ਮਾਨੈ ਕੋਇ॥[9]

ਨਿਆਂ ਨਾ ਕਰਨ ਵਾਲਾ ਰਾਜਾ ਅਖਵਾਉਣ ਦਾ ਅਧਿਕਾਰ ਹੀ ਨਹੀਂ ਰੱਖਦਾ। 'ਖੁਦਾਇ' ਭਾਵ ਅਲਹ ਦੀ ਲੋਕ ਤਾਂ ਹੀ ਪੂਜਾ ਕਰਦੇ ਹਨ ਅਤੇ ਅਲਾਹ ਉਹਨਾਂ ਦੀ ਪਾਲਣਾ ਕਰਦਾ ਹੈ। ਕੇਵਲ ਅੱਲ੍ਹਾ ਕਹਿਣ ਨਾਲ ਹੀ ਅੱਲ੍ਹਾ ਦੇ ਫਰਜ਼ਾਂ ਦੀ ਪੂਰਤੀ ਨਹੀਂ ਹੋ ਜਾਂਦੀ। ਸਗੋਂ ਉਸਦਾ ਵਰਤਾਰਾ ਦੇਖ ਕੇ ਉਸਨੂੰ ਖੁਦਾ ਮੰਨਿਆਂ ਜਾਂਦਾ ਹੈ:

ਏਕੈ ਸੂਮੁ ਕਰਿ ਗਾਡੀ ਗਡਹੈ॥ ਏਕਹਿ ਸੁਪਨੈ ਦਾਮੁ ਨ ਛਡਹੈ॥

ਰਾਜ ਕਮਾਇ ਕਰੀ ਜਿਨਿ ਥੈਲੀ ਤਾ ਕੈ ਸੰਗਿ ਨਾ ਚੰਚਲਿ ਚਲੀਆ॥[10]

ਰਾਜੇ ਦੇ ਜੀਵਨ ਨੂੰ ਬਿਆਨ ਕਰਦੇ ਸਮੇਂ ਗੁਰੂ ਸਾਹਿਬ ਨੇ ਇਹ ਸਮਝਾਉਣਾ ਚਾਹਿਆ ਹੈ ਕਿ ਜੋ ਲੋਕ ਸਮਾਜ ਵਿਰੋਧੀ ਗਤੀਵਿਧੀਆਂ ਵਿਚ ਰੁੱਝੇ ਰਹਿੰਦੇ ਹਨ, ਉਹ ਆਪਣਾ ਜੀਵਨ ਵਿਅਰਥ ਗੁਆ ਰਹੇ ਹਨ। ਜੋ ਲੋਕ ਮਿਹਨਤ ਮਜ਼ਦੂਰੀ ਕਰਕੇ ਧਨ ਜੋੜੀ ਰੱਖਦੇ ਹਨ ਪਰ ਭਲੇ ਕੰਮਾਂ ਲਈ ਖਰਚਦੇ ਨਹੀਂ, ਉਹਨਾਂ ਦਾ ਜੀਵਨ ਵੀ ਵਿਅਰਥ ਹੈ। ਇਸ ਪ੍ਰਕਾਰ ਕੰਜੂਸ ਲੋਕ ਜੋ ਸੁਪਨੇ ਵਿਚ ਵੀ ਪੈਸਾ ਹੱਥੋਂ ਛੱਡਣ ਲਈ ਤਿਆਰ ਨਹੀਂ, ਅਜਿਹੇ ਰਾਜੇ ਵੀ ਹਨ ਜੋ ਰਾਜ ਸ਼ਕਤੀ ਅਤੇ ਧਨ ਦੌਲਤ ਤਾਂ ਇਕੱਠੀ ਕਰ ਲੈਂਦੇ ਹਨ ਪਰ ਉਹਨਾਂ ਨੂੰ ਇਸ ਗੱਲ ਦਾ ਧਿਆਨ ਹੋਣਾ ਚਾਹੀਦਾ ਹੈ ਕਿ ਮਾਇਆ ਇਹਨਾਂ ਵਿੱਚੋਂ ਕਿਸੇ ਨਾਲ ਵੀ ਨਹੀ ਜਾਣੀ ਪਰ ਕਈ ਰਾਜੇ ਅਜਿਹੇ ਵੀ ਹਨ ਜੋ ਜ਼ੁਲਮ ਅਤੇ ਜ਼ਬਰ ਨਾਲ ਇੱਕਤਰ ਕੀਤੇ ਧਨ ਨੂੰ ਕੇਵਲ ਦਿਖਾਵੇ ਲਈ ਧਰਮ ਅਰਥ ਕਰਦੇ ਹਨ। ਉਹ ਜੇ ਦਾਨ ਪੁੰਨ ਅਤੇ ਧਾਰਮਿਕ ਸੰਸਕਾਰਾਂ ਦੀ ਪੂਰਤੀ ਜੇ ਸੁਆਰਥ ਸਿੱਧੀ ਲਈ ਕਰਦੇ ਹਨ ਤਾਂ ਉਨ੍ਹਾਂ ਦੇ ਇਹ ਕਾਰਜ ਵੀ ਪ੍ਰਵਾਨ ਨਹੀਂ ਹੁੰਦੇ। ਰਾਜਾ ਜਿਤਨੀ ਮਰਜ਼ੀ, ਦਾਨ ਪੁੰਨ ਕਰ ਲਵੇ ਪਰ ਜੇ ਉਸ ਅੰਦਰੋਂ ਹਉਮੈ ਅਤੇ ਸੁਆਰਥ ਭਾਵਨਾ ਖਤਮ ਨਹੀਂ ਹੁੰਦੀ ਤਾਂ ਇਹ ਕੇਵਲ ਕਰਮ ਕਾਂਡ ਹੈ ਅਤੇ ਕਰਮ ਕਾਂਡਾਂ ਕਰਕੇ ਕਦੀ ਮੁਕਤੀ ਨਹੀਂ ਮਿਲਦੀ। ਮੁਕਤੀ ਤਾਂ ਪ੍ਰਭੂ ਦੇ ਸਿਮਰਨ ਕਰਨ ਨਾਲ ਹੀ ਮਿਲਦੀ ਹੈ। ਇਸ ਲਈ ਸ਼ਾਸਕਾਂ ਨੂੰ ਚਾਹੀਦਾ ਹੈ ਕਿ ਉਹ ਪਰਜਾ ਦੀ ਭਲਾਈ ਲਈ ਕੰਮ ਕਰਨ। ਸੰਸਾਰਕ ਰਾਜਿਆਂ ਦੇ ਦੁਨਿਆਵੀ ਕਿਰਦਾਰ ਨੂੰ ਸੰਦਰਭ ਵਿਚ ਰਖਦੇ ਹੋਏ ਗੁਰ ਵਾਕ ਹੈ:

ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ॥

ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ ਸੋਭਾ ਮੂਲਿ ਨ ਪਾਹਿ॥ [11]

ਅਸਲ ਵਿਚ ਸਿਆਸੀ ਵਿਵਹਾਰ ਦਾ ਸ਼ੁਭ ਆਚਾਰੀ ਆਮ ਸਧਾਰਨ ਵਿਅਕਤੀ ਤੋਂ ਰਾਜਾ ਤੱਕ ਇਹੋ ਹੀ ਹੈ ਕਿ ਜ਼ਰੂਰਤਮੰਦਾਂ ਦੀਆਂ ਲੋੜਾਂ ਆਪਣੀ ਖੂਨ ਪਸੀਨੇ ਦੀ ਕੀਤੀ ਕਮਾਈ ਵਿਚੋਂ ਵੰਡ ਕੇ ਛੱਕਣ ਦੀ ਪ੍ਰਕਿਰਿਆ ਨੂੰ ਧਾਰਨ ਕੀਤਾ ਜਾਵੇ। ਪਰਮਾਤਮਾ ਦੀ ਦਰਗਾਹ ਵਿਚ ਵੀ ਉਹੋ ਕੁਝ ਹੀ ਅੱਗੇ ਮਿਲਦਾ ਹੈ ਜੋ ਘਾਲ ਕਮਾਈ ਵਿਚੋਂ ਦਾਨ ਦੇ ਰੂਪ ਵਿਚ ਪਰਮਾਤਮਾ ਦੀ ਬਣਾਈ ਕਾਇਨਾਤ ਨੂੰ ਵੰਡਿਆ ਜਾਂਦਾ ਹੈ। ਵੰਡ ਛਕਣ ਦਾ ਗੁਰਬਾਣੀ ਵਿਚਲਾ ਸਿਧਾਂਤ ਸਿਆਸੀ ਵਿਹਾਰ ਲਈ ਵੀ ਅਤਿ ਲੋੜੀਂਦਾ ਹੈ:

- ਘਾਲਿ ਖਾਇ ਕਿਛੁ ਹਥਹੁ ਦੇਇ॥

  ਨਾਨਕ ਰਾਹੁ ਪਛਾਣਹਿ ਸੇਇ॥ [12]

- ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥[13]

ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਾਜ ਦਾ ਸੰਕਲਪ ਲੋਕਤੰਤਰ ਦੀ ਹੋਂਦ ਬਰਕਰਾਰ ਰੱਖਣ ਲਈ ਸਤਿ ਵਿਵਹਾਰ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਰਾਜੇ ਦਾ ਤਖਤ ਦੇ ਲਾਇਕ ਹੋਣਾ ਜ਼ਰੂਰੀ ਹੈ ਅਤੇ ਅਜਿਹੀ ਯੋਗਤਾ ਦੀ ਬੁਨਿਆਦੀ ਸ਼ਰਤ ਨਿਆਂਸ਼ੀਲਤਾ ਹੈ। ਰਾਜਾ ਤਾਂ ਨਿਆਂਧੀਸ਼ ਹੁੰਦਾ ਹੈ ਉਸਦੇ ਫੈਸਲੇ ਪੱਖਪਾਤ ਤੋਂ ਉੱਚੇ ਹੁੰਦੇ ਹਨ ਫਿਰ ਰਾਜੇ ਵੱਲੋਂ ਲਏ ਫ਼ੈਸਲੇ ਲੋਕ ਹਿਤੈਸ਼ੀ ਹੋਣ ਦੇ ਨਾਲ ਨਾਲ ਰਾਜੇ ਦੀਆਂ ਜ਼ਿੰਮੇਵਾਰੀਆਂ ਨਾਲ ਜੁੜੇ ਹੁੰਦੇ ਹਨ ਜਿਸ ਵਿਚ ਲੋਕਤੰਤਰ ਦੀਆਂ ਲੋੜਾਂ ਥੋੜਾਂ ਦੀ ਪੂਰਤੀ ਲਈ ਨਵੀਆਂ-ਨਵੀਆਂ ਯੋਜਨਾਵਾਂ ਘੜ ਕੇ ਜਨ ਸਧਾਰਨ ਲਈ ਸੁਖਾਵੇਂ, ਸੁਧਰੇ ਤੇ ਸੰਵਰੇ ਹਾਲਾਤ ਸਿਰਜੇ ਜਾ ਸਕਦੇ ਹਨ:

- ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥

  ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥

  ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥[14]

- ਰਾਜਾ ਨਿਆਉ ਕਰੇ ਹਥਿ ਹੋਇ॥[15]

ਡਾ. ਜਸਪਾਲ ਸਿੰਘ ਰਾਜੇ ਦੇ ਅਧਿਕਾਰਾਂ ਬਾਰੇ ਲਿਖਦੇ ਹਨ। "ਜਿੱਥੇ ਤੱਕ ਰਾਜੇ ਦੇ ਅਧਿਕਾਰਾਂ ਅਤੇ ਸ਼ਕਤੀਆਂ ਦਾ ਸੰਬੰਧ ਹੈ ਸਿੱਖ ਵਿਚਾਰਧਾਰਾ ਰਾਜੇ ਦੇ ਸੀਮਤ ਅਧਿਕਾਰਾਂ ਦੀ ਮੁੱਦਈ ਹੈ। ਉਹ ਐਸੀ ਰਾਜ ਵਿਵਸਥਾ ਦੀ ਸਮਰੱਥਕ ਹੈ ਜਿਸ ਵਿਚ ਰਾਜਾ 'ਪੰਚਾਇਣ' ਅਰਥਾਤ ਜਨ ਪ੍ਰਤੀਨਿਧੀ 'ਪੰਚਾਂ' ਦੇ ਭੈਅ ਵਿੱਚ ਰਤਿਆ ਸੰਜਮ ਵਿੱਚ ਵਿਚਰਦਾ ਹੈ। ਦੂਜੇ ਪਾਸੇ ਵਿਚਾਰਧਾਰਾ ਰਾਜੇ ਨੂੰ ਹਉਮੈ ਤੇ ਸੁਆਰਥ ਤਿਆਗ ਕੇ ਪਰਜਾ ਦੇ ਹਿੱਤ ਵਿਚ ਕਾਰਜਸ਼ੀਲ ਹੋਣ ਦੀ ਹਦਾਇਤ ਕਰਦੀ ਹੈ। [16]

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥[17]

ਗੁਰੂ ਗ੍ਰੰਥ ਸਾਹਿਬ ਵਿਚ ਜਿੱਥੇ ਰਾਜੇ ਦੇ ਪਰਜਾ ਪ੍ਰਤੀ ਸਤਿ ਵਿਵਹਾਰ ਦੀਆਂ ਸੀਮਾਵਾਂ ਨੂੰ ਨਿਸ਼ਚਿਤ ਕੀਤਾ ਹੈ ਉਥੇ ਪਰਜਾ ਪ੍ਰਤੀ ਸਤਿ ਵਿਵਹਾਰ ਨੂੰ ਵੀ ਅਪਨਾਉਣ ਉਤੇ ਬਲ ਦਿੱਤਾ ਹੈ। ਪਰਮਾਤਮਾ ਦੇ ਸੁਭਾਅਗਤ ਤੱਤਾਂ ਵਿੱਚੋਂ ਇੱਕ ਨਿਰਭਉ ਹੈ ਜਿਸ ਨਿਰਭਉ ਨੂੰ ਜਪਣ ਵਾਲਾ ਵੀ ਨਿਰਭਓ ਹੋ ਜਾਂਦਾ ਦਸਿਆ ਹੈ:

ਨਿਰਭਉ ਜਪੈ ਸਗਲ ਭਉ ਮਿਟੈ ॥[18]

ਜਿਹੜੇ ਰਾਜੇ ਸਿਰਫ਼ ਦੇਸ਼ ਦੀਆਂ ਹੱਦਾਂ ਨੂੰ ਵਧਾਉਣ ਲਈ, ਲੋਕਾਂ ਨੂੰ ਗੁਲਾਮ ਬਨਾਉਣ ਲਈ ਫ਼ੌਜਾਂ ਨੂੰ ਨਾਲ ਲੈ ਕੇ ਲੜਾਈਆਂ ਕਰਦੇ ਹਨ ਅਤੇ ਲੱਖਾਂ ਬੇਦੋਸ਼ਿਆਂ ਨੂੰ ਮੌਤ ਦੇ ਘਾਟ ਉਤਾਰਦੇ ਹਨ, ਉਹਨਾਂ ਨੂੰ ਕੋਈ ਯਾਦ ਨਹੀਂ ਕਰਦਾ। ਅਜਿਹੇ ਰਾਜੇ ਨੂੰ 'ਕੁੱਤਾ' ਕਿਹਾ ਜਾਂਦਾ ਹੈ:

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥[19]

ਰਾਜਾ ਭਰਮ ਭੁਲੇਖੇ ਵਿਚ ਪੈ ਕੇ ਅਸਥਿਰ ਰਾਜ ਨੂੰ ਸਥਿਰ ਮੰਨ ਲਵੇ ਤਾਂ ਇਹ ਉਸਦੀ ਵੱਡੀ ਭੁੱਲ ਹੁੰਦੀ ਹੈ ਕਿਉਂਕਿ ਸਦੀਵੀ ਅਤੇ ਨਿਹਚਲ ਰਾਜ ਕੇਵਲ ਉਸੇ ਵਿਅਕਤੀ ਦਾ ਹੁੰਦਾ ਹੈ ਜਿਸ ਨੂੰ ਸੱਚੇ ਗੁਰੂ ਦੀ ਸੰਗਤ ਪ੍ਰਾਪਤ ਹੋ ਗਈ ਹੈ:

ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ ॥

ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ॥

ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ॥[20]

ਅਜਿਹੇ ਮਹਾਨ ਰਾਜਿਆਂ ਦੀਆਂ ਭਾਵੇਂ ਲੱਖਾਂ ਫੌਜਾਂ ਹੋਣ, ਲੱਖਾਂ ਨੌਕਰ ਚਾਕਰ ਹੋਣ ਅਤੇ ਲੱਖਾਂ ਉਪਰ ਉਸਦਾ ਹੁਕਮ ਚਲਦਾ ਹੋਵੇ ਪਰ ਜੇ ਉਹ ਰੱਬ ਦੀ ਦਰਗਾਹ ਵਿਚ ਪ੍ਰਵਾਨ ਨਹੀਂ ਤਾਂ ਸਭ ਕੁਝ ਵਿਅਰਥ ਹੈ:-

ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥

ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥[21]

ਗੁਰਬਾਣੀ ਜਿੱਥੇ ਨਿਮਾਣਿਆਂ ਨੂੰ ਮਾਣ ਦੇ ਕੇ ਉਹਨਾਂ ਵਿਚ ਨਵੀਂ ਸ਼ਕਤੀ, ਨਵਾਂ ਵਿਸ਼ਵਾਸ, ਨਵੀਂ ਊਰਜਾ ਸੰਚਿਤ ਕਰ ਉਹਨਾਂ ਦੀ ਰਾਖੀ ਕਰਨ ਲਈ ਸੱਚ, ਇਨਸਾਫ਼ ਦੀ ਜੱਦੋ-ਜਹਿਦ ਲਈ ਸੰਘਰਸ਼ ਕਰਨ ਦਾ ਰਾਹ ਦੱਸਦੀ ਹੈ। ਅਣਸੁਖਾਵੇਂ ਹਾਲਾਤ ਨਾਲ ਸਮਝੌਤਾ ਕਰਕੇ ਪਲ-ਪਲ ਮਰਦਿਆਂ ਲੰਬਾ ਜੀਵਨ ਕੱਟਣ ਦੀ ਥਾਂ ਸੰਘਰਸ਼ ਸਹਿਤ ਆਪਣੇ ਅਤੇ ਆਪਣੇ ਸਮਾਜ ਲਈ ਕੁਝ ਕਰ ਗੁਜ਼ਰਨ ਦਾ ਸੰਕਲਪ ਰੱਖਦੀ ਹੈ ਪਰ ਇਹ ਵੀ ਵਿਸ਼ਵਾਸ ਦੁਆਉਂਦੀ ਹੈ ਕਿ ਧਰਤੀ ਦੀ ਕੋਈ ਵੀ ਵੱਡੀ ਤੋਂ ਵੱਡੀ ਤਾਕਤ ਕਿਸੇ ਨੂੰ ਮਾਰ ਨਹੀਂ ਸਕਦੀ। ਪੰਜ ਤੱਤਾਂ ਦੇ ਹੱਥ ਬੜੇ ਕਮਜ਼ੋਰ ਹਨ। ਇਨਸਾਨੀ ਜਾਮੇ ਦੇ ਜਨਮ ਮਰਨ ਦਾ ਹਕੂਕ ਪਰਮਾਤਮਾ ਕੋਲ ਹੀ ਹੈ ਜੋ ਉਸਦੇ ਹੁਕਮ ਅਨੁਸਾਰ ਹੈ:

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parameters of UGC by IJMER)
Volume:14, Issue:10(5), October, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥[22]

ਪਰਮਾਤਮਾ ਹੀ ਕਿਸੇ ਨੂੰ ਬੁਢੇਪਾ, ਮੌਤ, ਬੁਖਾਰ, ਅਤੇ ਏਥੇ ਤੱਕ ਸਿਰ ਦੀ ਪੀੜ ਦਿੰਦਾ ਹੈ। ਸੁਚੇਤ ਮਨੁੱਖ ਨੂੰ ਵਿਕਾਸਮੁਖੀ ਹੁੰਦਿਆਂ ਇਸੇ ਹੀ ਜ਼ਿੰਦਗੀ ਵਿਚ ਜੀਵਨ ਦੀਆਂ ਅੰਦਰੂਨੀ ਤੇ ਬਹਿਰੂਨੀ ਮੁਸ਼ਕਿਲਾਂ ਨਾਲ ਸੰਘਰਸ਼ ਕਰਨ ਦਾ ਵਕਤ ਹੈ:

- ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥[23]
- ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ॥
  ਜਰਾ ਮਰਾ ਤਾਪੁ ਸਿਰਤਿ ਸਾਪੁ ਸਭ ਹਰਿ ਕੈ ਵਸਿ ਹੈ
  ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ॥[24]

ਇਸ ਤਰ੍ਹਾਂ ਲੋਕਤਾਂਤਰੀ ਚੇਤਨਾ ਦਾ ਇਕ ਬੁਨਿਆਦੀ ਅਤੇ ਅਨਿੱਖੜ ਅੰਗ ਸੱਚ ਹੈ। ਇਹ ਸਮਾਜਿਕ ਧਾਰਮਿਕ ਅਤੇ ਰਾਜਨੀਤਕ ਅਵਸਥਾ ਦੀ ਚੂਲ ਹੈ। ਜਦੋਂ ਇਹ ਸੱਚਾ ਵਿਹਾਰ ਅਤੇ ਜੀਵਨ ਜੁਗਤ ਸਿਆਸੀ ਵਿਵਹਾਰ ਨਾਲ ਜੁੜ ਜਾਂਦਾ ਹੈ ਹੈ ਤਾਂ ਜਿਸ ਆਦਰਸ਼ ਲੋਕਤੰਤਰ ਦੀ ਸਥਾਪਨਾ ਹੁੰਦੀ ਹੈ ਉਸਨੂੰ ਗੁਰਬਾਣੀ ਵਿਚ ਬੇਗਮਪੁਰਾ ਸ਼ਹਿਰ ਕੋ ਨਾਉ ਦਾ ਨਾਂ ਦਿੱਤਾ ਗਿਆ ਹੈ। ਜਿਸ ਵਿਚ ਸਾਰੇ ਕਿਰਤੀ ਮਿਹਨਤ ਨਾਲ ਆਪਣੀ ਜ਼ਿੰਦਗੀ ਚਲਾਉਂਦੇ ਹੋਏ ਆਪਣੇ ਵਰਗੇ ਸੂਝਵਾਨ ਕਿਰਤੀਆਂ ਨੂੰ ਆਪਣੀ ਮਰਜ਼ੀ ਅਨੁਸਾਰ ਰਾਜ ਸੱਤਾ ਸੌਂਪ ਕੇ ਉਹਨਾਂ ਨੂੰ ਸਚੇ ਆਚਾਰ ਨਾਲ ਰਾਜ ਵਿਵਸਥਾ ਬਣਾਈ ਰੱਖਣ ਲਈ ਨਵੀਂ ਸ਼ਕਤੀ ਦੇਈ ਰੱਖਦੇ ਹਨ।

ਰਾਜੇ ਦੇ ਅਨਾਚਾਰੀ ਸਿਆਸੀ ਵਿਵਹਾਰ ਪ੍ਰਤੀ ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰ ਵਿਸ਼ੇਸ਼ ਕਰਕੇ ਗੁਰੂ ਨਾਨਕ ਦੇਵ ਜੀ ਉਤਰੀ ਭਾਰਤ ਦੇ ਅਜਿਹੇ ਸੰਤ ਕਵੀ ਬਣਦੇ ਹਨ ਜੋ ਸਦੀਆਂ ਤੋਂ ਕੁੱਚਲੀ ਜਾਂਦੀ ਜਨ ਆਵਾਜ਼ ਨੂੰ "ਰਾਜਾ ਗਲਤੀ ਨਹੀਂ ਕਰ ਸਕਦਾ" ਤੇ ਸਥਾਪਿਤ ਅਮਲ ਨੂੰ ਤੋੜ ਕੇ ਹਿੰਦੁਸਤਾਨ ਦੇ ਹਮਲਾਵਰ ਬਾਬਰ ਨੂੰ ਜਾਬਰ ਕਹਿ ਕੇ ਉਸਦੇ ਆਕਰਮਣ ਕਰਕੇ ਫੌਜੀਆਂ ਨੂੰ 'ਪਾਪ ਦੀ ਜੰਞ' ਕਹਿਣ ਦਾ ਹੌਸਲਾ ਕਰ, ਬੇਸ਼ਕ ਵਕਤੀ ਤੌਰ ਤੇ ਤਸ਼ੱਦਦ ਦਾ ਸ਼ਿਕਾਰ ਵੀ ਹੁੰਦੇ ਹਨ ਪਰ ਬੁਨਿਆਦੀ ਤੌਰ ਤੇ ਬਾਣੀਕਾਰਾਂ ਵਲੋਂ ਸਿਆਸੀ ਵਿਵਹਾਰ ਅਤੇ ਸਤਿ ਵਿਵਹਾਰ ਦੇ ਆਪਸੀ ਸੰਬੰਧਾਂ ਨੂੰ ਅਜਿਹੀ ਮਜ਼ਬੂਤੀ ਪ੍ਰਦਾਨ ਕਰ ਜਾਂਦੇ ਹਨ ਕਿ ਇਹ ਆਵਾਜ਼ ਗੁਰੂ ਗੋਬਿੰਦ ਸਿੰਘ ਜੀ ਦੀ ਤਕੜੀ ਆਵਾਜ਼ ਬਣਕੇ ਤਾਨਾਸ਼ਾਹ ਔਰੰਗਜ਼ੇਬ ਨੂੰ ਜ਼ਫਰਨਾਮਾ ਅਰਥਾਤ ਜਿੱਤ ਦੀ ਚਿੱਠੀ ਲਿਖ ਕੇ ਉਸਦੇ ਕਾਲੇ ਕਾਰਨਾਮਿਆਂ ਨੂੰ ਗਿਣਾਉਂਦੇ ਇਕ ਅਜਿਹੀ ਆਵਾਜ਼ ਦੀ ਸ਼ੁਰੂਆਤ ਕਰ ਜਾਂਦੇ ਹਨ ਜੋ ਜ਼ਾਲਮ ਰਾਜ ਪ੍ਰਤੀ ਬਗਾਵਤੀ ਸੁਰਾਂ ਪ੍ਰਜਵਲਿਤ ਕਰਦੀ ਇਕ ਮੁਹਿੰਮ ਬਣ, ਬੰਦਾ ਬਹਾਦਰ ਦੇ ਰੂਪ ਵਿਚ ਸਰਹਿੰਦ ਦੇ ਜ਼ਾਲਮ ਸੂਬੇਦਾਰ ਦਾ ਸਿਰ ਵੱਢ, ਲੋਕ ਰਾਜ ਸਥਾਪਿਤ ਕਰ, ਮੁਸਲਮਾਨੀ ਨਾਪਾਕ ਮਨਸੂਬਿਆਂ ਨੂੰ ਨਾ ਕਾਮਯਾਬ ਕਰ ਅਤੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਦੀ ਧਰਤੀ ਤੋਂ ਭਜਾਉਣ ਦਾ ਅਹਿਮ ਰੋਲ ਅਦਾ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚਲਾ ਆਦਰਸ਼ ਰਾਜ ਦਾ ਸੰਕਲਪ ਰਾਜਿਆਂ ਨੂੰ ਆਪਣੇ ਅਧਿਕਾਰਾਂ ਦੀਆਂ ਸੀਮਾਵਾਂ ਵਿਚ ਰਹਿਣ ਅਤੇ ਪਰਜਾ ਨੂੰ ਆਪਣੇ ਹਕੂਕਾਂ ਦੀ ਪਹਿਚਾਣ ਕਰਨ, ਸੰਘਰਸ਼ ਅਤੇ ਵਿਦਰੋਹ ਦੀ ਆਧਾਰ ਭੂਮੀ ਤਿਆਰ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1024

2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 992

3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1088

4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 856

5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 199

6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1288

7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 145

8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1240

9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 350

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parameters of UGC by IJMER)
Volume:14, Issue:10(5), October, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

10. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1004

11. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 590

12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1245

13. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 472

14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1088

15. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 350

16. ਡਾ. ਜਸਪਾਲ ਸਿੰਘ, ਸਿਖ ਸਾਹਿਤ ਵਿਚ ਰਾਜ ਦਾ ਸੰਕਲਪ, ਪੰਨਾ 34

17. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 992

18. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 293

19. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 360

20. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 358

21. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 642

22. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 472

23. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1096

24. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 168